
# ਅੱਖਰਾਂ ਅੰਦਰ ਬਲਦਾ ਦੀਵਾ

## ਰਤਨ ਸਿੰਘ



### ਸ਼ਖ਼ਸੀਅਤ ਤੇ ਰਚਨਾ

ਰਤਨ ਸਿੰਘ ਦਾ ਜਨਮ ਪਾਕਿਸਤਾਨ ਵਿੱਚ ਤਹਿਸੀਲ (ਉਸ ਸਮੇਂ) ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਦੇ ਪਿੰਡ ਦਾਉਦ ਵਿਖੇ 15 ਨਵੰਬਰ, 1927 ਨੂੰ ਪਿਤਾ ਪ੍ਰਤਾਪ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਘਰ ਹੋਇਆ। ਉਹ ਆਕਾਸ਼ਵਾਣੀ (AIR), ਕਸ਼ਮੀਰ ਤੋਂ ਬਤੌਰ ਡਾਇਰੈਕਟਰ ਸੇਵਾ-ਮੁਕਤ ਹੋਏ। ਰਤਨ ਸਿੰਘ ਨੂੰ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾਵਾਂ ਦਾ ਲੇਖਕ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਨੇ ਪੰਜਾਬੀ ਵਿਚ ਚਾਰ ਕਾਵਿ-ਸੰਗ੍ਰਹਿ ਤੇ ਦੋ ਕਹਾਣੀ-ਸੰਗ੍ਰਹਿ, ਹਿੰਦੀ 'ਚ ਇਕ ਨਾਵਲੈੱਟ, ਦੋਹਿਆਂ ਦਾ ਸੰਗ੍ਰਹਿ ਅਤੇ ਉਰਦੂ ਕਹਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਪੰਜਾਬੀ ਕਵਿਤਾ ਰਾਹੀਂ ਸਾਹਿਤ ਵਿੱਚ ਪ੍ਰਵੇਸ਼ ਕੀਤਾ ਸੀ।

### ਅੱਖਰਾਂ ਅੰਦਰ ਬਲਦਾ ਦੀਵਾ

ਚਾਰ ਵੇਦ ਦੋਹੇ ਵਿਚ ਹੁੰਦੇ, ਇਸ ਵਿਚ ਕੁੱਲ ਪੁਰਾਨ।
ਚਹੁੰ ਯੁਗਾਂ ਦੀ ਕੁੱਲ ਹਕੀਕਤ, ਦੋਹਾ ਕਰੇ ਬਖਾਨ।

ਜੀਵਨ ਪੱਥ ਤੇ ਤੁਰਦੇ ਤੁਰਦੇ, ਜਦ ਨ੍ਹੇਰੇ ਪੱਖ ਆ ਜਾਂਦੇ।
ਭੂਤ ਭਵਿੱਖ ਦੇ ਦੀਵੇ ਮਿਲ ਕੇ, ਰਾਹ ਮੇਰੀ ਰੁਸ਼ਨਾਂਦੇ।

ਬੰਦੇ ਨੂੰ ਜੋ ਦੇ ਨਹੀਂ ਸਕਦਾ, ਬੰਦੇ ਵਰਗਾ ਮਾਨ।
ਦੁਨੀਆਂ ਦੇ ਵਿਚ ਸਭ ਤੋਂ ਵੱਡਾ, ਉਹ ਬੰਦਾ ਨਾਦਾਨ।

**ਔਖੇ ਸ਼ਬਦਾਂ ਦੇ ਅਰਥ**

ਬਖਾਨ : ਵਿਆਖਿਆ
ਪੱਖ : ਸਮਾਂ (ਦੋਹੇ ਅਨੁਸਾਰ)
ਨਾਦਾਨ : ਬੇਸਮਝ

ਸਾਗਰ ਮਥ ਕੇ ਕੀ ਮਿਲਣਾ ਏ, ਹੀਰੇ ਲਾਲ ਤੇ ਮੋਤੀ।
ਮਨ ਨੂੰ ਜ਼ਰਾ ਖੰਘਾਲ ਕੇ ਵੇਖੋ, ਖੱਟੀ ਹੋਏਗੀ ਮੋਟੀ।

ਸਭ ਨਦੀਆਂ ਦਾ ਪਾਣੀ ਮਿੱਠਾ, ਫਿਰ ਸਾਗਰ ਕਿਉਂ ਖਾਰਾ।
ਸ਼ਾਇਦ ਵੱਡਾ ਹੋਣ ਦਾ ਉਹਨੂੰ, ਚੜ੍ਹਿਆ ਹੋਏ ਅਫਾਰਾ।

ਰੱਬ ਸ਼ਬਦ ਵਿਚ ਦੋ ਹਰਫ਼ ਨੇ, ਇਕ ਰਾਰਾ ਇਕ ਬੱਬਾ।
ਮੈਨੂੰ ਤਾਂ ਬਸ ਏਨੇ ਵਿਚ ਹੀ, ਸਾਰਾ ਆਲਮ ਲੱਭਾ।

ਛੋਟੇ ਨੂੰ ਕੁੱਝ ਗਿਣਦਾ ਵੀ ਨਹੀਂ, ਵੱਡੇ ਨਾਲ ਹੈ ਵੈਰ।
ਏਸ ਸੋਚ ਨੂੰ ਜੇ ਬਦਲੇ ਬੰਦਾ, ਫੇਰ ਖ਼ੈਰ ਹੀ ਖ਼ੈਰ।

ਐਸੀ ਵੀ ਕੋਈ ਗਾਥਾ ਹੋਵੇ, ਕੋਈ ਅੰਤ ਨ ਆਵੇ।
ਚਾਰ ਯੁਗਾਂ ਦੀ ਉਮਰ ਅਸਾਡੀ, ਸੁੱਖਾਂ ਨਾਲ ਵਿਹਾਵੇ।

ਸ਼ਿਖ਼ਰ ਦੇ ਚਾਰੇ ਪਾਸੇ ਹੁੰਦੀ, ਢਲਵਾਨ ਹੀ ਢਲਵਾਨ।
ਏਸੇ ਲਈ ਉਸ ਵਿਚ ਨਹੀਂ ਹੁੰਦਾ, ਮਾਸਾ ਭਰ ਅਭਿਮਾਨ।

ਕੱਲ ਆਵੇ ਯਾ ਨਾ ਆਵੇ, ਕੱਲ ’ਤੇ ਗੱਲ ਨ ਟਾਲ।
ਲੰਮੀ ਨੀਂਦਰ ਸੌਂ ਜਾ ਬੇਸ਼ੱਕ, ਕਰਕੇ ਹੱਲ ਸਵਾਲ।

ਪੜ੍ਹਿਆ ਗੁਰੂ ਗ੍ਰੰਥ ਵਿਚ, ਇਹ ਵੀ ਇਕ ਵਿਵੇਕ।
ਨਿਰੰਕਾਰ ਭਗਵਾਨ ਦੇ, ਹੁੰਦੇ ਰੂਪ ਅਨੇਕ।

ਮੇਰੀ ਗੱਲ ਨੂੰ ਪੱਲੇ ਬੰਨ੍ਹ ਲਉ, ਆਖੇ ਪਿਆ ਸੁਕਰਾਤ।
ਸੱਚ ਦੀ ਨਗਰੀ ਸੂਰਜ ਚਮਕੇ, ਬਾਕੀ ਹਰ ਥਾਂ ਰਾਤ।

ਵੱਡੀਆਂ ਛਿੰਝਾਂ, ਭਾਰੀਆਂ ਜਿੱਤਾਂ, ਮਰ ਮਰ ਮਾਰੀਆਂ ਮੱਲਾਂ।
ਨਵਾਂ ਜ਼ਮਾਨਾ ਮੂੰਹ ਚਿੜਾਉਂਦੈ, ਕਹੇ ਫੋਕੀਆਂ ਗੱਲਾਂ।

ਕੌਡੀ ਕੌਡੀ ਖੇਡ ਤੂੰ ਰੱਤੀ, ਜਦ ਤੱਕ ਦਮ ਵਿਚ ਦਮ।
ਮਰਨਾ ਜੀਨਾ ਖੇਡ ਦਾ ਹਿੱਸਾ, ਨਾ ਖੁਸ਼ੀ ਨਾ ਗਮ।

ਸੂਰਜ ਬੂਹੇ ’ਤੇ ਆਇਐ ਰੱਤੀ, ਰੱਥ ਤੇ ਹੋ ਅਸਵਾਰ।
ਸਮੇਂ ਨੂੰ ਉਹ ਗਤੀ ਦੇ ਰਿਹੈ, ਜਾਗ ਰਿਹੈ ਸੰਸਾਰ।

### ਔਖੇ ਸ਼ਬਦਾਂ ਦੇ ਅਰਥ

ਮਥ : ਰਿੜਕਨਾ
ਖੰਘਾਲ : ਹਿਲਾਉਣਾ
ਅਫ਼ਾਰਾ : ਹੰਕਾਰ (ਦੋਹੇ ਅਨੁਸਾਰ)
ਹਰਫ਼ : ਅੱਖਰ
ਆਲਮ : ਵਿਦਵਾਨ
ਗਾਥਾ : ਕਹਾਣੀ
ਵਿਹਾਵੇ : ਜਿਊਣਾ
ਢਲਵਾਨ : ਉਤਰਾਈ
ਨਿਰੰਕਾਰ : ਆਕਾਰ ਰਹਿਤ
ਸੁਕਰਾਤ : ਇਕ ਦਾਰਸ਼ਨਿਕ ਦਾ ਨਾਂ
ਛਿੰਝਾਂ : ਕਬੱਡੀ ਤੇ ਭਲਵਾਨੀ ਦੀਆਂ ਖੇਡਾਂ
ਕੌਡੀ ਕੌਡੀ : ਕਬੱਡੀ-ਕਬੱਡੀ
ਰੱਤੀ : ਕਵੀ ਰਤਨ ਸਿੰਘ



## ਟਿੱਪਣੀ

ਉਪਰੋਕਤ ਦੋਹੇ ਮਸ਼ਹੂਰ ਕਵੀ ਤੇ ਕਹਾਣੀਕਾਰ ਰਤਨ ਸਿੰਘ ਦੇ ਦੋਹਾ-ਸੰਗ੍ਰਹਿ 'ਅੱਖਰਾਂ ਅੰਦਰ ਬਲਦਾ ਦੀਵਾ' ਵਿਚੋਂ ਲਏ ਗਏ ਹਨ। ਪਹਿਲੇ ਦੋਹੇ ਵਿੱਚ ਹੀ ਕਵੀ ਨੇ ਕਾਵਿ-ਰੂਪ 'ਦੋਹੇ' ਦੇ ਮਹੱਤਵ ਵੱਲ ਸੰਕੇਤ ਕੀਤਾ ਹੈ। ਇਨ੍ਹਾਂ ਦੋਹਿਆਂ ਵਿੱਚ ਸਾਧਾਰਨ ਜੀਵਨ ਵਿੱਚੋਂ ਤੱਤ ਕੱਢ ਕੇ ਪੇਸ਼ ਕੀਤੇ ਗਏ ਹਨ। ਕਵੀ ਨੇ ਵਿਭਿੰਨ ਪ੍ਰਕਾਰ ਦੇ ਵਿਸ਼ੇ ਪੇਸ਼ ਕੀਤੇ ਹਨ। ਰਤਨ ਸਿੰਘ ਦੇ ਇਨ੍ਹਾਂ ਦੋਹਿਆਂ ਵਿਚੋਂ, ਉਸ ਦਾ ਅਨੁਭਵ, ਦਾਰਸ਼ਨਿਕਤਾ ਅਤੇ ਸੰਵੇਦਨਸ਼ੀਲਤਾ ਦਾ ਅਹਿਸਾਸ ਹੁੰਦਾ ਹੈ। ਇਹ ਦੋਹੇ ਲੋਕਾਂ ਦੇ ਹਿੱਤ ਤੇ ਭਲੇ ਦੀ ਗੱਲ ਕਰਦੇ ਹਨ। ਸਹਿਜ-ਸੁਭਾਅ ਹੀ ਕੁੱਝ ਅਮਾਨਵੀ ਪੱਖਾਂ ਉੱਪਰ ਵਿਅੰਗ ਵੀ ਕੱਸਿਆ ਗਿਆ ਹੈ। ਮਨੁੱਖੀ ਕਦਰਾਂ-ਕੀਮਤਾਂ ਉੱਪਰ ਡਟ ਕੇ ਪਹਿਰਾ ਦੇਣ ਦੀ ਵਕਾਲਤ ਕੀਤੀ ਗਈ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਦੋਹੇ ਵਿੱਚ ਆਏ ਸ਼ਬਦ 'ਨ੍ਹੇਰੇ ਪੱਖ' ਤੋਂ ਕੀ ਭਾਵ ਹੈ ?
(ii) ਕਵੀ 'ਬੰਦੇ' ਨੂੰ ਕਿਹੜੇ ਗੁਣ ਅਪਨਾਉਣ ਦੀ ਅਪੀਲ ਕਰ ਰਿਹਾ ਹੈ ?
(iii) ਹੰਕਾਰ ਕਿਸ ਵਿੱਚ ਨਹੀਂ ਹੁੰਦਾ ਤੇ ਕਿਉਂ ?
(iv) ਕਿਰਤ ਬਾਰੇ ਕਵੀ ਦਾ ਕੀ ਵਿਚਾਰ ਹੈ ?
(v) ਆਖ਼ਰੀ ਦੋਹੇ ਵਿੱਚ ਮਾਨਵਤਾ ਲਈ ਕੀ ਸੰਦੇਸ਼ ਮਿਲਦਾ ਹੈ।
(vi) ਸੁਕਰਾਤ ਨੇ ਕੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਕੱਲ ਆਵੇ ਯਾ ਨਾ ਆਵੇ, ਕੱਲ 'ਤੇ ਗੱਲ ਨ ਟਾਲ।
ਲੰਮੀ ਨੀਂਦਰ ਸੌਂ ਜਾ ਬੇਸ਼ੱਕ, ਕਰਕੇ ਹੱਲ ਸਵਾਲ।

(i) ਉਪਰੋਕਤ ਸਤਰਾਂ ਵਿੱਚ ਕਵੀ ਵਲੋਂ 'ਲੰਮੀ ਨੀਂਦਰ ਸੌਂ ਜਾ ਬੇਸ਼ੱਕ' ਕਹਿਣ ਤੋਂ ਕੀ ਭਾਵ ਹੈ ?
(ii) ਉਪਰੋਕਤ ਸਤਰਾਂ ਵਿੱਚ ਕਵੀ ਕਿਹੜੇ ਸਮੇਂ ਦੇ ਮਹੱਤਵ ਵੱਲ ਸੰਕੇਤ ਕਰ ਰਿਹਾ ਹੈ?
(iii) ਉਪਰੋਕਤ ਸਤਰਾਂ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਸੂਰਜ ਬੂਹੇ 'ਤੇ ਆਇਐ ਰੱਤੀ, ਰੱਥ ਤੇ ਹੋ ਅਸਵਾਰ।
ਸਮੇਂ ਨੂੰ ਉਹ ਗਤੀ ਦੇ ਰਿਹੈ, ਜਾਗ ਰਿਹੈ ਸੰਸਾਰ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਤੁਸੀਂ ਆਪਣੇ ਅਨੁਭਵ ਦੇ ਆਧਾਰ 'ਤੇ ਸਦਾਚਾਰ ਦਾ ਸੰਦੇਸ਼ ਦੇਣ ਵਾਲੇ ਦੋਹਿਆਂ ਦੀ ਰਚਨਾ ਕਰੋ।

(ii) ਕੀ ਤੁਸੀਂ ਕਦੇ ਅੱਜ ਦਾ ਕੰਮ ਕੱਲ੍ਹ ਨੂੰ ਕਰਨ ਦੀ ਜ਼ਿੱਦ ਕੀਤੀ ਹੈ ? ਉਸ ਦੇ ਨਤੀਜੇ ਸਮੇਤ ਘਟਨਾ ਦਾ ਹਵਾਲਾ ਦਿਉ।

(iii) ਕਿਸੇ ਹੰਕਾਰੀ ਪੁਰਸ਼ ਨੂੰ ਤੁਸੀਂ ਕਿਵੇਂ ਸਮਝਾਉਗੇ ? ਮਿਸਾਲਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਇੱਕ ਪੈਰੇ ਦੀ ਰਚਨਾ ਕਰੋ।

(iv) ਕੀ ਤੁਸੀਂ ਆਸਤਕ ਹੋ ? ਰੱਬ ਦੀ ਹੋਂਦ ਤੇ ਉਸ ਦੇ ਪਸਾਰੇ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕਰੋ।

(v) ਤੁਹਾਨੂੰ ਕਿਹੜੀ ਖੇਡ ਚੰਗੀ ਲਗਦੀ ਹੈ ? ਉਸ ਖੇਡ ਦੇ ਖਿਡਾਰੀਆਂ, ਅਸੂਲਾਂ ਤੇ ਲਾਭ ਨੂੰ ਦਰਸਾਉਂਦਾ ਇੱਕ ਚਾਰਟ ਤਿਆਰ ਕਰੋ।

### ਅ. ਪਾਠ ਦੇ ਆਧਾਰ ’ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਸੁਕਰਾਤ ਅਨੁਸਾਰ ਸੱਚ ਰੌਸ਼ਨੀ ਫੈਲਾਉਂਦਾ ਹੈ। ☐

(ii) ਸੂਰਜ ਸਮੇਂ ਨੂੰ ਗਤੀ ਨਹੀਂ ਦਿੰਦਾ। ☐

(iii) ਮਹਾਨ ਵਿਅਕਤੀ ਵਿੱਚ ਕਦੇ ਵੀ ਹੰਕਾਰ ਨਹੀਂ ਹੁੰਦਾ। ☐

(iv) ਨਿਰੰਕਾਰ ਭਗਵਾਨ ਦਾ ਹੀ ਇੱਕ ਰੂਪ ਹੁੰਦਾ ਹੈ। ☐

(v) ਸਾਗਰ ਨੂੰ ਆਪਣੇ ਵੱਡੇ ਹੋਣ ਦਾ ਹੰਕਾਰ ਹੁੰਦਾ ਹੈ। ☐

### ੲ. ਖਾਲੀ ਥਾਵਾਂ ਭਰੋ :

(i) ਜਦੋਂ ਤੱਕ ... ਹੋਵੇ ਕੰਮ ਕਰਦੇ ਰਹਿਣਾ ਚਾਹੀਦਾ ਹੈ।

(ii) ਮਨ ਨੂੰ ਖੰਘਾਲਣ ਨਾਲ ... ਖੱਟੀ ਹੁੰਦੀ ਹੈ।

(iii) ਵੱਡੇ ਵਿਅਕਤੀ ਵਿੱਚ ... ਨਹੀਂ ਹੁੰਦਾ।

(iv) ਦੋਹਾ ਚਾਰ ਯੁਗਾਂ ਦੀ ... ਦਾ ਵਿਆਖਿਆਨ ਕਰਦਾ ਹੈ।

(v) ਦੂਸਰੇ ਵਿਅਕਤੀ ਨੂੰ ਮਾਣ ਨਾ ਦੇਣ ਵਾਲਾ ... ਹੁੰਦਾ ਹੈ।

ਗਾਥਾ ਮੋਟੀ ਹਿੰਮਤ ਨਾਦਾਨ ਹੰਕਾਰ

### ਸ. ਜੋੜੇ ਬਣਾਉ :

| | |
|---|---|
| ਸਿਖ਼ਰ | ਰੌਸ਼ਨੀ |
| ਆਕਾਰ | ਢਲਵਾਨ |
| ਸਾਗਰ | ਖਾਰਾ |
| ਦੀਵਾ | ਨਿਰੰਕਾਰ |

**ਹ. ਵਿਰੋਧੀ ਸ਼ਬਦ ਲਿਖੋ :**

(i) ਵੱਡਾ ...

(ii) ਲੱਭਣਾ ...

(iii) ਢਲਵਾਨ ...

(iv) ਅਨੇਕ ...

**ਕ. ਵਾਕ ਬਣਾਉ :**

(i) ਨੀਂਦਰ ... ... ... ...

(ii) ਅਸਵਾਰ ... ... ... ...

(iii) ਨਿਰੰਕਾਰ ... ... ... ...

(iv) ਗਾਥਾ ... ... ... ...

